**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਐਸ.ਏ.ਐਸ.ਨਗਰ**

ਹੁਕਮ ਨੰ: 10/146-05 ਅ3(4) ਕੋ:ਸ:4
ਮਿਤੀ, ਐਸ.ਏ.ਐਸ.ਨਗਰ :- 28.04.2015

ਸ਼੍ਰੀ ਜਸਪਾਲ ਸਿੰਘ, ਸ.ਸ. ਮਾਸਟਰ ਪਹਿਲਾਂ ਸ.ਸ.ਸ.ਸ ਭਕਨਾ (ਅੰਮ੍ਰਿਤਸਰ) ਹੁਣ ਲੀਅਨ ਸ.ਸ.ਸ.ਸ ਸੋਹਲ (ਤਰਨ ਤਾਰਨ) ਨੂੰ ਨਿਜੀ ਸੁਣਵਾਈ ਲਈ ਅੱਜ ਮਿਤੀ 08.04.2015 ਨੂੰ 11.00 ਵਜੇ ਬੁਲਾਇਆ ਗਿਆ ਸੀ ਜੋ ਕਿ ਹਾਜ਼ਰ ਨਹੀਂ ਹੋਇਆ। ਸ਼੍ਰੀ ਜਸਪਾਲ ਸਿੰਘ, ਸ.ਸ. ਮਾਸਟਰ ਪਹਿਲਾਂ ਸ.ਸ.ਸ.ਸ ਭਕਨਾ (ਅੰਮ੍ਰਿਤਸਰ) ਹੁਣ ਲੀਅਨ ਸ.ਸ.ਸ.ਸ ਸੋਹਲ (ਤਰਨ ਤਾਰਨ) ਮਿਤੀ 27.08.2003 ਤੋਂ ਗੈਰਹਾਜ਼ਰ ਚਲਿਆ ਆ ਰਿਹਾ ਹੈ।

ਇਸਦੀ ਪ੍ਰਤੀਬੇਨਤੀ ਮਿਤੀ 27.08.2005 ਦੇ ਸਨਮੁੱਖ ਦਫਤਰ ਦੇ ਹੁਕਮ ਨੰ: 10/46-05 ਅ3(4) ਮਿਤੀ 19.09.06 ਅਨੁਸਾਰ ਇਸ ਨੂੰ ਸਰਕਾਰ ਦੀਆਂ ਹਦਾਇਤਾਂ ਪੱਤਰ ਨੰ:1/31/91-ਐਫ.ਪੀ.11/3344 ਮਿਤੀ 22.04.92 ਦੀ ਰੌਸ਼ਨੀ ਵਿੱਚ ਇਸ ਸ਼ਰਤ ਤੇ ਹਾਜ਼ਰ ਹੋਣ ਲਈ ਆਗਿਆ ਦਿੱਤੀ ਗਈ ਕਿ ਉਸ ਦੀ ਗੈਰਹਾਜ਼ਰੀ ਕਾਰਨ ਉਸ ਵਿਰੁੱਧ ਕੀਤੀ ਜਾਣ ਵਾਲੀ ਵਿਭਾਗੀ/ਅਨੁਸ਼ਾਸਨੀ ਕਾਰਵਾਈ ਤੇ ਇਸ ਦਾ ਕੋਈ ਅਸਰ ਨਹੀਂ ਹੋਵੇਗਾ। ਪਰੰਤੂ ਸ਼੍ਰੀ ਜਸਪਾਲ ਸਿੰਘ, ਸ.ਸ. ਮਾਸਟਰ ਪਹਿਲਾਂ ਸ.ਸ.ਸ.ਸ ਭਕਨਾ (ਅੰਮ੍ਰਿਤਸਰ) ਹੁਣ ਲੀਅਨ ਸ.ਸ.ਸ.ਸ ਸੋਹਲ (ਤਰਨ ਤਾਰਨ) ਡਿਊਟੀ ਤੇ ਹਾਜ਼ਰ ਨਹੀਂ ਹੋਇਆ। ਦਫਤਰ ਵੱਲੋਂ ਹੁਕਮ ਨੰ: 10/146-05 ਅ 3(4) ਮਿਤੀ 12.04.2006/12.10.2006 ਰਾਹੀਂ ਪੰਜਾਬ ਸਿਵਲ ਸੇਵਾਵਾਂ(ਸਜ਼ਾ ਅਤੇ ਅਪੀਲ) ਨਿਯਮਾਵਲੀ 1970 ਦੇ ਉਪਬੰਧ 8 ਦੇ ਨਿਯਮ 5(v-ix) ਦੇ ਅਧੀਨ ਦੋਸ਼ ਸੂਚੀ ਜਾਰੀ ਕੀਤੀ ਗਈ ਸੀ। ਇਸ ਦੋਸ਼ ਸੂਚੀ ਦੇ ਸਨਮੁੱਖ ਸ਼੍ਰੀ ਜਸਪਾਲ ਸਿੰਘ, ਸ.ਸ. ਮਾਸਟਰ ਪਹਿਲਾਂ ਸ.ਸ.ਸ.ਸ ਭਕਨਾ (ਅੰਮ੍ਰਿਤਸਰ) ਹੁਣ ਲੀਅਨ ਸ.ਸ.ਸ.ਸ ਸੋਹਲ (ਤਰਨ ਤਾਰਨ) ਵੱਲੋਂ ਮਿਤੀ 22.11.06 ਨੂੰ ਦਿੱਤੇ ਜਵਾਬ ਤੋਂ ਅਸੰਤੁਸ਼ਟ ਹੋ ਕੇ ਇਸ ਕਰਮਚਾਰੀ ਦੀ ਗੈਰਹਾਜਰੀ ਦੇ ਕੇਸ ਦੀ ਸੱਚਾਈ ਜਾਨਣ ਲਈ ਸ਼੍ਰੀ ਪਿਆਰਾ ਸਿੰਘ, ਜਿ:ਸਿ:ਅ:(ਸੈਸਿ) ਤਰਨ ਤਾਰਨ ਰਾਹੀਂ ਪੜਤਾਲ ਕਰਵਾਈ ਗਈ। ਪੜਤਾਲੀਆ ਅਫਸਰ ਵੱਲੋਂ ਆਪਣੀ ਪੜਤਾਲ ਰਿਪੋਰਟ ਵਿੱਚ ਸਾਫ ਕੀਤਾ ਕਿ ਸ਼੍ਰੀ ਜਸਪਾਲ ਸਿੰਘ, ਸ.ਸ. ਮਾਸਟਰ ਪਹਿਲਾਂ ਸ.ਸ.ਸ.ਸ ਭਕਨਾ (ਅੰਮ੍ਰਿਤਸਰ) ਹੁਣ ਲੀਅਨ ਸ.ਸ.ਸ.ਸ ਸੋਹਲ (ਤਰਨ ਤਾਰਨ) ਇੱਕ ਸਰਕਾਰੀ ਮੁਲਾਜ਼ਮ ਹੋਣ ਦੇ ਬਾਵਜੂਦ ਪ੍ਰਾਈਵੇਟ ਏਡਿਡ ਸਕੂਲ ਵਿੱਚ ਬਤੌਰ ਹੈਡਮਾਸਟਰ ਕੰਮ ਕਰਦਾ ਰਿਹਾ , ਬਾਅਦ ਵਿੱਚ ਗੁਰੂ ਗੋਬਿੰਦ ਸਿੰਘ ਕਾਲਜ ਐਜੂਕੇਸ਼ਨ ਕਪੂਰਥਲਾ ਵਿਖੇ ਬਤੌਰ ਅਸਥਾਈ ਲੈਕਚਰਾਰ ਵਜੋਂ ਕੰਮ ਕਰਦਾ ਰਿਹਾ ਅਤੇ ਮਿਤੀ 03.03.06 ਤੋਂ ਸ਼੍ਰੀ ਗੁਰੂ ਅੰਗਦ ਦੇਵ ਕਾਲਜ ਆਫ ਐਜੂਕੇਸ਼ਨ ਖਡੂਰ ਸਾਹਿਬ ਵਿਖੇ ਬਤੌਰ ਲੈਕਚਰਾਰ ਕੰਮ ਕਰ ਰਿਹਾ ਹੈ। ਪੜਤਾਲੀਆ ਅਫਸਰ ਵੱਲੋਂ ਇਹ ਵੀ ਲਿਖਿਆ ਗਿਆ ਕਿ ਇਹ ਗੈਰ-ਹਾਜਰ ਕਰਮਚਾਰੀ ਵਿਭਾਗੀ ਪੜਤਾਲ ਵਿੱਚ ਹਾਜ਼ਰ ਤਾਂ ਹੁੰਦਾ ਰਿਹਾ ਪਰੰਤੂ ਉਸਨੇ ਅੱਜ ਤੱਕ ਵੀ ਸਕੂਲ ਡਿਊਟੀ ਤੇ ਹਾਜ਼ਰੀ ਨਹੀਂ ਦਿੱਤੀ ਅਤੇ ਇਹ ਵੀ ਲਿਖਿਆ ਕਿ ਇਸ ਕਰਮਚਾਰੀ ਨੇ ਪੜਤਾਲ ਦੌਰਾਨ ਕਿਹਾ ਕਿ ਮੈਂ ਪੜਤਾਲ ਦੇ ਫੈਸਲੇ ਤੋਂ ਬਾਦ ਹੀ ਹਾਜ਼ਰੀ ਦੇਵਾਂਗਾ।

ਮਿਤੀ 08.04.2015 ਨੂੰ ਨਿਜੀ ਸੁਣਵਾਈ ਵਿੱਚ ਕਰਮਚਾਰੀ ਦਾ ਪੇਸ਼ ਨਾ ਹੋਣਾ ਇਹ ਸਪਸ਼ਟ ਕਰਦਾ ਹੈ ਕਿ ਸ਼੍ਰੀ ਜਸਪਾਲ ਸਿੰਘ, ਸ.ਸ. ਮਾਸਟਰ ਪਹਿਲਾਂ ਸ.ਸ.ਸ.ਸ ਭਕਨਾ (ਅੰਮ੍ਰਿਤਸਰ) ਹੁਣ ਲੀਅਨ ਸ.ਸ.ਸ.ਸ ਸੋਹਲ (ਤਰਨ ਤਾਰਨ) ਸਰਕਾਰੀ ਨੌਕਰੀ ਵਿੱਚ ਦਿਲਚਸਪੀ ਨਹੀਂ ਰੱਖਦਾ।

ਜਿ:ਸਿ:ਅ:(ਸੈਸਿ) ਤਰਨ ਤਾਰਨ ਅਤੇ ਸਕੂਲ ਪ੍ਰਿੰਸੀਪਲ ਸ਼ਹੀਦ ਹਰਜਿੰਦਰ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਪੱਤਰ ਕ੍ਰਮਵਾਰ ਮਿਤੀ 06.04.2015 ਅਤੇ 01.04.15 ਵਿੱਚ ਦਰਸਾਈ ਸਥਿਤੀ ਅਤੇ ਡਾਕ ਵਿਭਾਗ ਦੇ ਕਥਨਾਂ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਸ਼੍ਰੀ ਜਸਪਾਲ ਸਿੰਘ, ਸ.ਸ. ਮਾਸਟਰ ਪਹਿਲਾਂ ਸ.ਸ.ਸ.ਸ ਭਕਨਾ (ਅੰਮ੍ਰਿਤਸਰ) ਹੁਣ ਲੀਅਨ ਸ.ਸ.ਸ.ਸ ਸੋਹਲ (ਤਰਨ ਤਾਰਨ) ਆਊਟ ਆਫ ਇੰਡੀਆ ਹੈ। ਸ਼੍ਰੀ ਜਸਪਾਲ ਸਿੰਘ ਨੇ ਮਿਤੀ 27.08.2003 ਤੋਂ ਅਣਅਧਿਕਾਰਤ ਤੌਰ ਤੇ ਸਕੂਲ ਤੋਂ ਗੈਰਹਾਜ਼ਰ ਰਹਿ ਕੇ ਸਕੂਲੀ ਬੱਚਿਆਂ ਅਤੇ ਵਿਭਾਗ ਦਾ ਜਿੱਥੇ ਬਹੁਤ ਨੁਕਸਾਨ ਕੀਤਾ ਹੈ ਉੱਥੇ ਸਿਵਲ ਸੇਵਾਵਾਂ ਰੂਲਜ਼ ਦੀ ਵੀ ਘੋਰ ਉਲੰਘਣਾ ਕੀਤੀ ਹੈ।

ਮੈਂ ਬਲਬੀਰ ਸਿੰਘ, ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ.ਨਗਰ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਵਲੀ 1970 ਦੇ ਨਿਯਮ 5 (VIII) ਵਿਚ ਦਿੱਤੀਆ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਸ਼੍ਰੀ ਜਸਪਾਲ ਸਿੰਘ, ਸ.ਸ. ਮਾਸਟਰ ਪਹਿਲਾਂ ਸ.ਸ.ਸ.ਸ ਭਕਨਾ (ਅੰਮ੍ਰਿਤਸਰ) ਹੁਣ ਲੀਅਨ ਸ.ਸ.ਸ.ਸ ਸੋਹਲ (ਤਰਨ ਤਾਰਨ) ਦੇ ਮਿਤੀ 27-08-2003 ਤੋਂ ਲਗਾਤਾਰ ਜਾਣਬੁਝ ਕੇ ਅਣਅਧਿਕਾਰਤ ਤੌਰ ਤੇ ਸਰਕਾਰੀ ਡਿਊਟੀ ਤੋਂ ਗੈਰਹਾਜਰ ਰਹਿਣ ਦੇ ਦੋਸ਼ ਕਾਰਨ ਉਸ ਦੀਆਂ ਸੇਵਾਵਾਂ ਤਤਕਾਲ ਸਮੇਂ ਤੋਂ ਖਤਮ ਕਰਦਾ ਹਾਂ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ।

ਪਿਠ ਅੰਕਣ ਨੰ: ਉਕਤ 8620-24 ਮਿਤੀ, ਐਸ.ਏ.ਐਸ.ਨਗਰ :- 29/4/15

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ, ਜਲੰਧਰ।
2. ਜਿਲਾ ਸਿੱਖਿਆ ਅਫਸਰ (ਸੈ:ਸਿ) ਤਰਨ ਤਾਰਨ ਨੂੰ ਕਰਮਚਾਰੀ ਦੀ ਸੇਵਾ ਪੱਤਰੀ ਵਿਚ ਲਾਲ ਸਿਆਹੀ ਨਾਲ ਸੇਵਾਵਾ ਖਤਮ ਸਬੰਧੀ ਇੰਦਰਾਜ ਯਕੀਨੀ ਬਣਾਇਆ ਜਾਵੇ ਅਤੇ ਕਾਪੀ ਇਸ ਦਫਤਰ ਨੂੰ ਉਪਲਬੱਧ ਕਰਵਾਈ ਜਾਵੇ। ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।
3. ਪ੍ਰਿੰਸੀਪਲ/ ਮੁੱਖਅਧਿਆਪਕ, ਸ.ਸ.ਸ.ਸ ਸੋਹਲ (ਤਰਨ ਤਾਰਨ) ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹ ਹੁਕਮ ਕਰਮਚਾਰੀ ਦੇ ਮੌਜੂਦਾ ਘਰ ਦੇ ਪੱਤੇ ਤੇ ਰਜਿਸਟਰਡ ਡਾਕ ਰਾਂਹੀ ਭੇਜੇ ਜਾਣ, ਕਰਮਚਾਰੀ ਦੀ ਸੇਵਾਪੱਤਰੀ ਵਿਚ ਲਾਲ ਸਿਆਹੀ ਨਾਲ ਇੰਦਰਾਜ ਕੀਤਾ ਜਾਵੇ।
4. ਪ੍ਰਿੰਸੀਪਲ ਸ.ਸ.ਸ.ਸ ਭਕਨਾ (ਅੰਮ੍ਰਿਤਸਰ) ਨੂੰ ਸੂਚਨਾ ਹਿਤ।
5. ਸ਼੍ਰੀ ਜਸਪਾਲ ਸਿੰਘ, ਸ.ਸ. ਮਾਸਟਰ ਪਹਿਲਾਂ ਸ.ਸ.ਸ.ਸ ਭਕਨਾ (ਅੰਮ੍ਰਿਤਸਰ) ਹੁਣ ਲੀਅਨ ਸ.ਸ.ਸ.ਸ ਸੋਹਲ (ਤਰਨ ਤਾਰਨ)।

ਦਸਤ
ਸੁਪਰਡੰਟ ਕੋਆਰਡੀਨੇਸ਼ਨ ਸੈਲ